ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)
**ਰਜਿਸਟ੍ਰੇਸ਼ਨ ਬਰਾਂਚ**

ਨੰ: 1259/ਰਜਿ.
ਮਿਤੀ 09/09/2025

ਵੱਲ:-
1. ਸਮੂਹ ਮੁਖੀ ਸਾਹਿਬਾਨ, ਯੂਨੀਵਰਸਿਟੀ ਅਧਿਆਪਨ ਵਿਭਾਗ,ਨੇਬਰਹੁੱਡ ਕੈਂਪਸ ।

2. ਸਮੂਹ ਪ੍ਰਿੰਸੀਪਲ, ਯੂਨੀਵਰਸਿਟੀ ਨਾਲ ਸਬੰਧਤ ਸਾਰੇ ਕਾਲਜ।

3 ਮੁਖੀ, ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**ਵਿਸ਼ਾ:- ਸੈਸ਼ਨ 2025-26 ਦੇ ਦਾਖਲਿਆਂ ਦੀਆਂ ''ਵਿਦਿਆਰਥੀ ਰਜਿਸਟ੍ਰੇਸ਼ਨ ਰਿਟਰਨ'' ਫ਼ੀਸਾਂ ਅਤੇ ਪਾਤਰਤਾ ਸਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਇਸ ਪੱਤਰ ਦਾ ਸਬੰਧ ਦਫਤਰ ਵਲੋਂ ਪਹਿਲਾ ਜਾਰੀ ਕੀਤੇ ਗਏ ਪੱਤਰ ਨੰਬਰ 1582/ ਰਜਿ ਮਿਤੀ 16/7/2025 ਦੀ ਲਗਾਤਾਰਤਾ ਵਿਚ ਹੈ। ਉਪਰੋਕਤ ਵਿਸ਼ੇ ਦੇ ਸਬੰਧ ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਦਾ ਹੈ ਕਿ ਪੰਜਾਬ ਵਿੱਚ ਹੜਾਂ ਦੀ ਸਥਿਤੀ ਨੂੰ ਮੱਦੇ ਨਜ਼ਰ ਰੱਖਦੇ ਹੋਏ ਸੈਸ਼ਨ **2025-26** ਸਮੈਸਟਰ ਪ੍ਰਣਾਲੀ ਅਧੀਨ ਆਉਂਦੀਆਂ ਕਲਾਸਾ ਲਈ ਰਜਿਸਟ੍ਰੇਸ਼ਨ ਰਿਟਰਨ ਲੋੜੀਂਦੇ ਅਸਲ ਸਰਟੀਫਿਕੇਟ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਸਹਿਤ ਦਾਖਲੇ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਜਾਂ ਹੇਠਾਂ ਅੰਕਿਤ ਸ਼ਡਿਊਲ ਅਨੁਸਾਰ, ਜੋ ਵੀ ਬਾਅਦ ਵਿਚ ਹੋਵੇ, ਭੇਜੇ ਜਾਣ:-

1. 30 ਸਤੰਬਰ ਤੱਕ- ਬਿਨਾਂ ਲੇਟ ਫ਼ੀਸ
2. 15 ਅਕਤੂਬਰ ਤੱਕ-500/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
3. 31 ਅਕਤੂਬਰ ਤੱਕ-1000/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
4. **31 ਅਕਤੂਬਰ ਤੋਂ ਬਾਅਦ ਕੋਈ ਵੀ ਰਜਿਸਟ੍ਰੇਸ਼ਨ ਰਿਟਰਨ ਸਵੀਕਾਰ ਨਹੀਂ ਕੀਤੀ ਜਾਵੇਗੀ। ਰਿਟਰਨ ਨਾ ਆਉਣ ਵਾਲੇ ਕਾਲਜ ਦੇ ਪ੍ਰੀਖਿਆ ਫਾਰਮ ਰੱਦ ਸਮਝੇ ਜਾਣਗੇ ਅਤੇ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ।**

ਸੈਸ਼ਨ **2025-26** ਸਲਾਨਾ ਪ੍ਰਣਾਲੀ ਅਧੀਨ ਆਉਂਦੀਆਂ ਕਲਾਸਾਂ ਲਈ ਰਜਿਸਟ੍ਰੇਸ਼ਨ ਰਿਟਰਨ ਲੋੜੀਂਦੇ ਅਸਲ ਸਰਟੀਫਿਕੇਟ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਸਹਿਤ ਦਾਖ਼ਲੇ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਜਾਂ ਸਡਿਊਲ ਅਨੁਸਾਰ ਜੋ ਵੀ ਬਾਅਦ ਵਿੱਚ ਹੋਵੇ, ਭੇਜੇ ਜਾਣ:-

1. 31 ਅਕਤੂਬਰ ਤੱਕ- ਬਿਨਾਂ ਲੇਟ ਫ਼ੀਸ
2. 30 ਨਵੰਬਰ ਤੱਕ- 500/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
3. 21 ਫਰਵਰੀ ਤੱਕ-1000/- ਰੁਪਏ ਲੇਟ ਫ਼ੀਸ ਨਾਲ (ਪ੍ਰਤੀ ਵਿਦਿਆਰਥੀ)
4. **21 ਫਰਵਰੀ ਤੋਂ ਬਾਅਦ ਕੋਈ ਵੀ ਰਜਿਸਟ੍ਰੇਸ਼ਨ ਰਿਟਰਨ ਸਵੀਕਾਰ ਨਹੀਂ ਕੀਤੀ ਜਾਵੇਗੀ। ਰਿਟਰਨ ਨਾ ਆਉਣ ਵਾਲੇ ਕਾਲਜ ਦੇ ਪ੍ਰੀਖਿਆ ਫਾਰਮ ਰੱਦ ਸਮਝੇ ਜਾਣਗੇ ਅਤੇ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ।**

09/9/25
ਕੰਟਰੋਲਰ (ਪ੍ਰੀ.)